**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ./ਆਈ.ਟੀ./15/ 3829 ਮਿਤੀ: 18.11.15

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ /ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ /ਇਸਤਰੀਆਂ ਲਈ ਸੰਸਥਾਵਾਂ,
ਆਰਟ ਐਂਡ ਕਰਾਫਟ ਅਤੇ ਟੀਚਰ ਟਰੇਨਿੰਗ ਸੰਸਥਾਵਾਂ
ਪੰਜਾਬ।

**ਵਿਸ਼ਾ:-ਐਸ.ਸੀ.ਵੀ.ਟੀ. / ਐਨ.ਸੀ.ਵੀ.ਟੀ. ਅਧੀਨ ਚਲ ਰਹੀਆਂ ਟਰੇਡਾਂ ਦੇ ਰਿਜਲਟ ਸਬੰਧੀ standing ਹਦਾਇਤਾਂ ਜਾਰੀ ਕਰਨ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦਸਿਆ ਜਾਂਦਾ ਹੈ ਕਿ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਬੋਰਡ ਦੁਆਰਾ ਜਦੋਂ ਵਿਸ਼ਾ ਸਬੰਧੀ ਪ੍ਰੀਖਿਆ ਦਾ ਰਿਜਲਟ ਘੋਸ਼ਿਤ ਕੀਤਾ ਜਾਂਦਾ ਹੈ ਅਤੇ ਉਸ ਰਿਜਲਟ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ/ਤਰੁਟੀ ਆਦਿ ਪਾਈ ਜਾਂਦੀ ਹੈ ਤਾਂ ਕਈ ਸੰਸਥਾਵਾਂ ਵਲੋਂ ਉਸ ਰਿਜਲਟ ਨੂੰ ਸੋਧ ਕਰਵਾਉਣ ਵਿੱਚ ਸਮੇਂ ਸਿਰ ਕੋਈ ਕਾਰਵਾਈ ਨਹੀਂ ਅਰੰਭੀ ਜਾਂਦੀ, ਜਿਸ ਨਾਲ ਸਿਖਿਆਰਥੀਆਂ ਦੇ ਭਵਿੱਖ ਉਤੇ ਇਸਦਾ ਕਾਫੀ ਮਾੜਾ ਅਸਰ ਪੈਂਦਾ ਹੈ ਅਤੇ ਕਈ ਵਾਰ ਵਿਦਿਆਰਥੀ ਅਗਲੀ ਪ੍ਰੀਖਿਆ ਵਿੱਚ ਅਪੀਅਰ ਹੋਣ ਤੋਂ ਵੀ ਵਾਂਝੇ ਰਹਿ ਜਾਂਦੇ ਹਨ।

ਉਪਰੋਕਤ ਦੇ ਸਨਮੁੱਖ ਵਿਦਿਆਰਥੀਆਂ ਦੇ ਹਿਤ ਨੂੰ ਮੁੱਖ ਰਖਦੇ ਹੋਏ ਸਮੂਹ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਜਦੋ ਵੀ ਪੰਜਾਬ ਬੋਰਡ ਦੁਆਰਾ ਵਿਸ਼ਾ ਜਿਕਰ ਪ੍ਰੀਖਿਆ ਦਾ ਰਿਜਲਟ ਬੋਰਡ ਦੀ ਵੈਬ ਸਾਈਟ ਤੇ ਪਾਇਆ ਜਾਂਦਾ ਹੈ ਅਤੇ ਉਸ ਵਿੱਚ ਕਿਸੇ ਦੀ ਤਰਾਂ ਦੀ ਕਮੀ/ਤਰੁੱਟੀ ਹੁੰਦੀ ਹੈ ਤਾਂ ਇਸ ਸਬੰਧੀ ਸੋਧ ਕਰਵਾਉਣ ਲਈ ਰਿਜਲਟ ਜਾਰੀ ਹੋਣ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਬੋਰਡ ਦਫਤਰ ਨਾਲ ਤਾਲਮੇਲ ਕਰਕੇ ਯੋਗ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ। ਅਜਿਹੇ ਨਾਂ ਕਰਨ ਦੀ ਸੂਰਤ ਵਿੱਚ ਕਿਸੇ ਵੀ ਤਰਾਂ ਦੀ ਕੋਈ ਕਾਨੂੰਨੀ ਜਾਂ ਉਲਝਨ ਪੈਦਾ ਹੁੰਦੀ ਹੈ, ਤਾਂ ਇਸਦੀ ਪੂਰਨ ਜਿੰਮੇਵਾਰੀ ਸੰਸਥਾ ਦੇ ਪ੍ਰਿੰਸੀਪਲ/ਮੁਖੀ ਦੀ ਹੀ ਠਹਿਰਾਈ ਜਾਵੇਗੀ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਅਤੇ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਕੰਟਰੋਲਰ ਪ੍ਰੀਖਿਆਵਾਂ
(ਆਈ.ਟੀ.ਆਈ.)